ਰਾਹਤ

[ਨਾਟਕ ਸ਼ੁਰੂ ਹੋਣ 'ਤੇ ਵੱਡਾ ਅਫ਼ਸਰ ਬੀ. ਸਿੰਘ ਇਧਰ-ਉਧਰ ਘੁੰਮ ਰਿਹਾ ਹੈ। ਘੜੀ-ਮੁੜੀ ਘੜੀ ਦੇਖਦਾ ਹੈ, ਜਿਸ ਤਰ੍ਹਾਂ ਉਸ ਨੂੰ ਕਿਸੇ ਦੀ ਉਡੀਕ ਹੈ। ਛੋਟਾ ਅਫ਼ਸਰ ਭ. ਰਾਮ ਆਉਂਦਾ ਹੈ।]

ਭ. ਰਾਮ : ਜੈ ਹਿੰਦ ਜਨਾਬ।

ਬੀ. ਸਿੰਘ : ਤੈਨੂੰ ਪਤਾ ਹੈ ਕਿ ਮੰਤਰੀ ਹੋਰੀਂ ਕਿਸੇ ਵੇਲੇ ਵੀ ਇਥੇ ਪੁੱਜ ਸਕਦੇ ਨੇ।

ਭ. ਰਾਮ : ਹਾਂ ਜਨਾਬ, ਸਕੂਲ ਦੀ ਗਰਾਊਂਡ ਵਿਚ ਉਨ੍ਹਾਂ ਦਾ ਹੈਲੀਕਾਪਟ ਕਿਸੇ ਵੇਲੇ ਵੀ ਆ ਸਕਦਾ ਹੈ...ਉਥੇ ਸਾਰਾ ਪ੍ਰਬੰਧ ਮੈਂ ਆਪਣੀ ਨਿਗਰਾਨੀ ਵਿਚ ਪੂਰਾ ਕੀਤਾ ਹੈ।

ਬੀ. ਸਿੰਘ : ਤੇ ਤੂੰ ਸਜ-ਧਜ ਕੇ ਇਸ ਤਰ੍ਹਾਂ ਫਿਰ ਰਿਹਾ ਹੈਂ ਜਿਸ ਤਰ੍ਹਾਂ ਕਿਸੇ ਬਰਾਤ 'ਤੇ ਆਇਆ ਹੋਵੇ।

ਭ. ਰਾਮ : ਜਨਾਬ ਮੈਂ ਸਮਝਿਆ ਨਹੀਂ...ਮੈਂ ਤਾਂ ਇਹੀ ਪੁਸ਼ਾਕ ਆਮ ਪਾਉਂਦਾ ਹਾਂ।

ਬੀ. ਸਿੰਘ : (ਨੇੜੇ ਜਾ ਕੇ ਉਸ ਦੀ ਬੁਰਸ਼ਟ ਨੂੰ ਪਕੜ ਕੇ) ਇਹ ਬੁਰਸ਼ਟ ਅਤੇ ਇਹ ਪੈਂਟ ਤੂੰ ਰੋਜ਼ ਪਾਉਂਦਾ ਏਂ ?

ਭ. ਰਾਮ : ਹਾਂ ਜਨਾਬ...ਤੁਹਾਨੂੰ ਪਤਾ ਹੈ ਉਮਰ ਨਾਲ ਪੇਟ ਵਧ ਹੀ ਜਾਂਦਾ ਹੈ... ਇਸ ਬੁਰਸ਼ਟ ਦੀ ਫਿਟਿੰਗ ਇਸ ਤਰ੍ਹਾਂ ਹੈ ਕਿ ਪੇਟ ਦੀ ਮੋਟਾਈ ਛੁਪ ਜਾਂਦੀ ਹੈ...ਬੰਦਾ ਜ਼ਰਾ ਚੁਸਤ ਲੱਗਦਾ ਹੈ।

ਬੀ. ਸਿੰਘ : (ਵਿਅੰਗ ਨਾਲ) ਤਾਂ ਤੂੰ ਚੁਸਤ ਲੱਗ ਰਿਹਾ ਹੈਂ ?

ਭ. ਰਾਮ : ਜੀ ਕੋਸ਼ਿਸ਼ ਤਾਂ ਇਹੀ ਹੈ।

ਬੀ. ਸਿੰਘ : ਉੱਤੋਂ ਹੜ੍ਹ ਆਏ ਹੋਏ ਨੇ...ਲੋਕਾਂ ਨੂੰ ਮੁਸੀਬਤ ਪਈ ਹੋਈ ਏ ਤੇ ਤੂੰ ਚੁਸਤ ਲੱਗਣ ਦੀ ਕੋਸ਼ਿਸ਼ ਕਰ ਰਿਹਾ ਏਂ...ਜਦੋਂ ਕਿ ਤੈਨੂੰ ਬਿਲਕੁਲ ਇਸ ਦੇ ਉਲਟ ਲੱਗਣਾ ਚਾਹੀਦਾ ਹੈ।

ਭ. ਰਾਮ : ਮੈਂ ਸਮਝਿਆ ਨਹੀਂ ਜਨਾਬ।

ਬੀ. ਸਿੰਘ : ਇਹੋ ਤਾਂ ਮੈਂ ਕਹਿੰਨਾ ਕਿ ਤੂੰ ਕੁਝ ਨਹੀਂ ਸਮਝਦਾ...ਜੇ ਸਮਝਦਾ ਹੁੰਦਾ ਤਾਂ ਤੇਰਾ ਹੁਲੀਆ ਇਸ ਤਰ੍ਹਾਂ ਨਾ ਹੁੰਦਾ...ਤੈਨੂੰ ਮੰਤਰੀ ਦੇ ਆਉਣ

'ਤੇ ਆਪਣੇ ਆਪ ਨੂੰ ਇਸ ਤਰ੍ਹਾਂ ਪੇਸ਼ ਕਰਨਾ ਚਾਹੀਦਾ ਏ ਕਿ ਹੜ੍ਹ ਆਉਣ 'ਤੇ ਤੂੰ ਰਾਤਾਂ ਨੂੰ ਸੁੱਤਾ ਨਹੀਂ, ਲੋਕਾਂ ਨੂੰ ਰਾਹਤ ਪੁਚਾਉਣ ਲਈ ਤੂੰ ਚਿੱਕੜ ਵਿਚ ਪੈਦਲ ਤੁਰਿਆ...ਗਿੱਟੇ-ਗਿੱਟੇ ਪਾਣੀ ਸੀ, ਗੋਡੇ-ਗੋਡੇ ਪਾਣੀ ਸੀ, ਲੱਕ-ਲੱਕ ਪਾਣੀ ਸੀ, ਗਲ-ਗਲ ਪਾਣੀ ਸੀ, ਪਰ ਤੂੰ ਆਪਣੀ ਜਾਨ ਦੀ ਪਰਵਾਹ ਨਹੀਂ ਕੀਤੀ ਅਤੇ ਆਪਣੀ ਡਿਊਟੀ ਨੂੰ ਨਿਭਾਉਂਦੇ ਹੋਏ ਹੜ੍ਹ ਪੀੜਤ ਲੋਕਾਂ ਤਕ ਪੁੱਜਿਆ ਤੇ ਉਨ੍ਹਾਂ ਨੂੰ ਰਾਹਤ ਪੁਚਾਈ। ਉਂਜ ਤੇਰੇ ਇਲਾਕੇ ਵਿਚ ਜਦੋਂ ਹੜ੍ਹ ਦਾ ਪਾਣੀ ਚੜ੍ਹਿਆ ਤਾਂ ਤੂੰ ਉਸ ਵੇਲੇ ਕਿਥੇ ਸੀ।

ਭ. ਸਿੰਘ : ਜਨਾਬ ਸਾਡੇ ਇਲਾਕੇ ਵਿਚ ਹੜ੍ਹ ਦਾ ਪਾਣੀ ਅਚਾਨਕ ਚੜ੍ਹ ਕੇ ਆਇਆ...ਉਸ ਵੇਲੇ ਰਾਤ ਦਾ ਸਮਾਂ ਸੀ...ਸਾਰੇ ਲੋਕ ਆਪਣੇ ਘਰਾਂ ਵਿਚ ਸੁੱਤੇ ਸਨ।

ਬੀ. ਸਿੰਘ : ਮੈਂ ਪੁੱਛਿਆ ਹੈ, ਤੂੰ ਕਿਥੇ ਸੀ ?

ਭ. ਰਾਮ : ਜੀ ਮੈਂ ਵੀ ਘਰ ਸੁੱਤਾ ਹੋਇਆ ਸੀ।

ਬੀ. ਸਿੰਘ : ਫੇਰ ਤੂੰ ਕੀ ਕੀਤਾ ?

ਭ. ਰਾਮ : ਮੈਂ ਕੀ ਕਰਨਾ ਸੀ, ਮੈਂ ਤਾਂ ਸੁੱਤਾ ਹੋਇਆ ਸੀ।

ਬੀ. ਸਿੰਘ : ਇਹੋ ਤੇ ਅਖ਼ਬਾਰਾਂ ਵਾਲੇ ਲਿਖ ਰਹੇ ਨੇ ਕਿ ਜਦੋਂ ਹੜ੍ਹ ਆਇਆ ਤਾਂ ਸਰਕਾਰ ਸੁੱਤੀ ਹੋਈ ਸੀ...ਪਰ ਤੂੰ ਸਾਬਤ ਕਰਨਾ ਹੈ ਕਿ ਤੂੰ ਸੁੱਤਾ ਨਹੀਂ ਸੀ ਸਗੋਂ ਹਰਕਤ ਵਿਚ ਸੀ।

ਭ. ਰਾਮ : ਹਰਕਤ ?

ਬੀ. ਸਿੰਘ : ਹਰਕਤ ਇਹ ਨਹੀਂ ਕਿ ਤੂੰ ਬੀਵੀ ਨਾਲ ਕਲੋਲ ਕਰ ਰਿਹਾ ਸੀ... ਹਰਕਤ ਇਹ ਕਿ ਤੂੰ ਤੁਰ ਰਿਹਾ ਸੀ, ਗਿੱਟੇ-ਗਿੱਟੇ ਪਾਣੀ ਸੀ...ਗੋਡੇ-ਗੋਡੇ ਪਾਣੀ ਸੀ...ਲੱਕ-ਲੱਕ ਪਾਣੀ ਸੀ...ਗਲ-ਗਲ ਪਾਣੀ ਸੀ ਤੇ ਜਦੋਂ ਗਲ ਉੱਤੋਂ ਹੋਇਆ ਤਾਂ ਤੂੰ ਤੁਰ ਰਿਹਾ ਸੀ...ਲੋਕ ਦਰਖ਼ਤਾਂ 'ਤੇ ਚੜ੍ਹੇ ਹੋਏ ਸਨ, ਸੱਪ ਫੁੰਕਾਰੇ ਮਾਰ ਰਹੇ ਸਨ, ਪਰ ਤੂੰ ਉਨ੍ਹਾਂ ਨੂੰ ਡਬਲਰੋਟੀ ਤੇ ਹੋਰ ਸੁੱਕੀਆਂ ਚੀਜ਼ਾਂ ਖਾਣ ਨੂੰ ਪੁਚਾ ਰਿਹਾ ਸੀ...(ਜ਼ੋਰ ਦੇ ਕੇ) ਤੇ ਹੁਣ ਜਾ ਇਨ੍ਹਾਂ ਕੱਪੜਿਆਂ 'ਤੇ ਇਕ ਚਿੱਕੜ ਦੀ ਬਾਲਟੀ ਸੁੱਟ...ਪੈਂਟ ਨੂੰ ਗੋਡਿਆਂ ਤਕ ਉਪਰ ਚੜ੍ਹਾ...ਮੂੰਹ 'ਤੇ ਮਿੱਟੀ ਮਲ।

ਭ. ਰਾਮ : ਮਿੱਟੀ।

ਬੀ. ਸਿੰਘ : ਨਹੀਂ ਕਾਲਖ ਮਲ...ਪਰ ਤੂੰ ਕਿਉਂ ਮਲੇਂਗਾ ? ਉਹ ਤਾਂ ਲੋਕ ਮਲ ਰਹੇ ਨੇ...ਤੇਰੇ ਮੂੰਹ 'ਤੇ ਵੀ ਤੇ ਮੇਰੇ ਮੂੰਹ 'ਤੇ ਵੀ...ਹੁਣ ਮੇਰੇ ਮੂੰਹ ਵੱਲ ਕੀ ਵੇਖ ਰਿਹਾ ਏਂ ਜਾਂ ਜਿਸ ਤਰ੍ਹਾਂ ਮੈਂ ਕਿਹਾ ਹੈ, ਉਸੇ ਤਰ੍ਹਾਂ ਕਹਿ...ਹਾਂ ਤੇ ਵਾਲਾਂ ਨੂੰ ਖਿਲਾਰ। ਇਹ ਕੰਘੀਆਂ ਪੱਟੀਆਂ ਨਹੀਂ ਚੱਲਣੀਆਂ...

ਲੋਕ ਮਰ ਰਹੇ ਨੇ ਤੇ ਤੈਨੂੰ ਕੰਘੀਆਂ ਪੱਟੀਆਂ ਸੁੱਝ ਰਹੀਆਂ ਨੇ...ਤੇ ਅੱਖਾਂ ਵਿਚ ਕੋਈ ਦਵਾਈ ਪਾ, ਜੀਹਦੇ ਨਾਲ ਇਨ੍ਹਾਂ ਲਾਲੀ ਆਏ ਅਤੇ ਇਸ ਤਰ੍ਹਾਂ ਲੱਗੇ ਕਿ ਤੂੰ ਰਾਤਾਂ ਉਨੀਂਦਰਾ ਰਿਹਾ।

(ਭ. ਰਾਮ ਜਾਂਦਾ ਹੈ।)

ਬੀ. ਸਿੰਘ : (ਆਪਣੇ ਆਪ ਨਾਲ) ਮੈਨੂੰ ਵੀ ਕੁਝ ਇਹੋ ਜਿਹਾ ਕਰਨਾ ਚਾਹੀਦਾ ਏ...(ਬੋਝੇ ਵਿਚੋਂ ਰੁਮਾਲ ਕੱਢਦਾ ਹੈ, ਉਸ ਨੂੰ ਗੰਢ ਦੇ ਕੇ ਆਪੇ ਗਲੇ ਵਿਚ ਪਾ ਲੈਂਦਾ ਹੈ ਤੇ ਫੇਰ ਆਪਣੀ ਬਾਂਹ ਉਸ ਵਿਚ ਅੜਾ ਦਿੰਦਾ ਹੈ) ਹੁਣ ਠੀਕ ਹੈ...ਮੈਂ ਹੜ੍ਹਾਂ ਦੇ ਇਲਾਕੇ 'ਚ ਦੌਰਾ ਕਰਨ ਗਿਆ...ਉਥੇ ਮੇਰਾ ਪੈਰ ਤਿਲਕ ਗਿਆ...ਮੈਂ ਡਿੱਗ ਪਿਆ ਤੇ ਬਾਂਹ ਟੁੱਟ ਗਈ।

(ਚਿੱਕੜ ਨਾਲ ਭਰਿਆ ਭ. ਰਾਮ ਆਉਂਦਾ ਹੈ। ਹੁਣ ਉਸ ਦਾ ਹੁਲੀਆ ਬਿਲਕੁਲ ਵਿਗੜਿਆ ਹੋਇਆ ਹੈ।)

ਬੀ. ਸਿੰਘ : (ਉਹਦੇ ਵੱਲ ਵੇਖ ਕੇ) ਹਾਂ, ਹੁਣ ਠੀਕ ਹੈ...ਹੁਲੀਆ ਬਿਲਕੁਲ ਵਿਗੜਿਆ ਹੋਇਆ ਏ, ਸਰਕਾਰ ਦਾ ਪੂਰਾ ਨੁਮਾਇੰਦਾ ਲੱਗਦਾ ਏਂ।

ਭ. ਰਾਮ : ਪਰ ਜਨਾਬ ਤੁਹਾਡੀ ਬਾਂਹ ?

ਬੀ. ਸਿੰਘ : ਮੈਂ ਤਿਲਕ ਕੇ ਡਿੱਗ ਪਿਆ ਤੇ ਇਹ ਟੁੱਟ ਗਈ।

ਭ. ਰਾਮ : ਪਰ ਕੁਝ ਚਿਰ ਪਹਿਲੇ ਤਾਂ ਇਹ ਚੰਗੀ ਭਲੀ ਸੀ।

ਬੀ. ਸਿੰਘ : ਕੁਝ ਚਿਰ ਪਹਿਲੇ ਤੂੰ ਵੀ ਚੰਗਾ ਭਲਾ ਸੀ।

ਭ. ਰਾਮ : ਹਾਂ ਜੀ ਸਮਝ ਗਿਆ...ਗਿੱਟੇ-ਗਿੱਟੇ ਪਾਣੀ ਸੀ, ਲੱਕ-ਲੱਕ ਪਾਣੀ ਸੀ, ਗਲ-ਗਲ ਪਾਣੀ ਸੀ, ਤੁਸੀਂ ਤੁਰਦੇ ਗਏ...ਪਾਣੀ ਗਲ ਤੋਂ ਉੱਤੋਂ ਆ ਗਿਆ, ਤੁਸੀਂ ਤੁਰਦੇ ਗਏ...ਲੋਕ ਦਰਖ਼ਤਾਂ 'ਤੇ ਚੜ੍ਹੇ ਹੋਏ ਸਨ, ਕੋਠਿਆਂ 'ਤੇ ਚੜ੍ਹੇ ਹੋਏ ਸਨ। ਸੱਪ ਸ਼ੂਕ ਰਹੇ ਸਨ...ਤੁਸੀਂ ਰਾਹ ਪੁਚਾਉਣ ਲਈ ਇਕ ਕੋਠੇ 'ਤੇ ਚੜ੍ਹਨ ਲੱਗੇ ਤਾਂ ਤਿਲਕ ਪਏ...ਬਾਂਹ ਟੁੱਟ ਗਈ...ਹੁਣ ਤੁਹਾਡੇ ਕੋਲ ਇਹ ਵੀ ਸਮਾਂ ਨਹੀਂ ਕਿ ਤੁਸੀਂ ਹਸਪਤਾਲ ਜਾਓ...ਐਕਸਰੇ ਕਰਵਾਓ...ਤੁਹਾਨੂੰ ਭਾਵੇਂ ਬਹੁਤ ਪੀੜ ਹੈ, ਪਰ ਹੜ੍ਹ ਪੀੜਤਾਂ ਦੀ ਪੀੜ ਨੂੰ ਮੁੱਖ ਰੱਖ ਕੇ ਤੁਸੀਂ ਆਪਣੀ ਪੀੜ ਨੂੰ ਭੁੱਲ ਗਏ ਹੋ।

ਬੀ. ਸਿੰਘ : ਹਾਂ...ਤੇ ਤੂੰ ਹੁਣ ਇਥੇ ਰਹਿ...(ਘੜੀ ਨੂੰ ਵੇਖ ਕੇ) ਮੰਤਰੀ ਜੀ, ਕਿਸੇ ਵੇਲੇ ਵੀ ਆ ਸਕਦੇ ਨੇ...ਮੈਂ ਉਨ੍ਹਾਂ ਨੂੰ ਲੈ ਕੇ ਇਥੇ ਹੀ ਆਉਣਾ ਹੈ।

(ਜਾਂਦਾ ਹੈ।)

ਭ. ਰਾਮ : ਲੈ ਭਗਤ ਰਾਮਾ...ਤੂੰ ਬੜੇ ਬੜੇ ਨਾਟਕ ਵੇਖੇ ਹੋਣੇ ਨੇ, ਪਰ ਇਹੋ ਜਿਹਾ ਨਾਟਕ ਕਰਨ ਦਾ ਵੀ ਅਤੇ ਵੇਖਣ ਦਾ ਵੀ ਅੱਜ ਮੌਕਾ ਮਿਲਿਆ ਏ...ਗਿੱਟੇ-ਗਿੱਟੇ ਪਾਣੀ, ਗੋਡੇ-ਗੋਡੇ ਪਾਣੀ, ਲੱਕ-ਲੱਕ ਪਾਣੀ, ਗਲ-ਗਲ ਪਾਣੀ, ਲੋਕ ਕੋਠਿਆਂ 'ਤੇ ਚੜ੍ਹੇ ਹੋਏ ਸਨ, ਦਰਖ਼ਤਾਂ 'ਤੇ ਚੜ੍ਹੇ ਸਨ, ਸੱਪ ਸ਼ੂਕ ਰਹੇ ਸਨ ਤੇ ਡੀ.ਸੀ. ਸਾਹਿਬ ਬਿਨਾਂ ਪ੍ਰਵਾਹ ਕਰਦੇ ਤੁਰਦੇ ਗਏ ਤੇ ਇਹ ਡਿੱਗ ਪਏ...ਬਾਂਹ ਟੁੱਟ ਗਈ...ਵਾਹ।

(ਬੀ. ਸਿੰਘ ਮੰਤਰੀ ਨੂੰ ਨਾਲ ਲੈ ਕੇ ਆਉਂਦੇ ਹਨ।)

ਭ. ਰਾਮ : ਜੈ ਹਿੰਦ !

ਮੰਤਰੀ : ਜੈ ਹਿੰਦ...।

(ਸਵਾਲੀਆ ਨਜ਼ਰਾਂ ਨਾਲ ਵੱਡੇ ਅਫ਼ਸਰ ਵੱਲ ਵੇਖਦਾ ਹੈ, ਜਿਸ ਤਰ੍ਹਾਂ ਪੁੱਛ ਰਿਹਾ ਹੋਵੇ ਕਿ ਛੋਟਾ ਅਫ਼ਸਰ ਕੌਣ ਹੈ।)

ਬੀ. ਸਿੰਘ : ਜਨਾਬ, ਇਹ ਮੇਰਾ ਡਿਪਟੀ ਏ, ਸਿੱਧਾ ਹੜ੍ਹ ਹੇਠਾਂ ਆਏ ਇਲਾਕੇ ਦਾ ਦੌਰਾ ਕਰ ਕੇ ਆਇਆ ਹੈ ਤਾਂ ਜੋ ਸਿੱਧੀ ਜਾਣਕਾਰੀ ਲੈ ਸਕੇ ਕਿ ਰਾਹਤ ਦਾ ਕੰਮ ਕਿਸ ਤਰ੍ਹਾਂ ਚੱਲ ਰਿਹਾ ਏ।

ਮੰਤਰੀ : ਇਹਨੂੰ ਕੱਪੜੇ ਬਦਲਣ ਦੀ ਵਿਹਲ ਨਹੀਂ ਮਿਲੀ ?

ਬੀ. ਸਿੰਘ : ਕੱਪੜੇ ਬਦਲਣ ਦੀ, ਜੀ ਇਹਨੂੰ ਤਾਂ ਸਿਰ ਖੁਰਕਣ...ਮਤਲਬ ਕਿ ਸਿਰ ਵਾਹੁਣ ਦੀ ਵਿਹਲ ਨਹੀਂ ਮਿਲੀ।

ਮੰਤਰੀ : ਉਹ ਤਾਂ ਦਿਸਦਾ ਹੀ ਪਿਆ ਹੈ...ਅਸਲ ਵਿਚ ਸਰਕਾਰ ਚੱਲਦੀ ਹੀ ਇਹੋ ਜਿਹੇ ਅਫ਼ਸਰਾਂ ਦੇ ਸਿਰ 'ਤੇ...ਹੜ੍ਹਾਂ ਵਿਚ ਲੋਕਾਂ ਦਾ ਬੜਾ ਨੁਕਸਾਨ ਹੋਇਆ ਹੈ।

ਬੀ. ਸਿੰਘ : ਹਾਂ ਜੀ, ਇਹ ਤਾਂ ਤੁਹਾਨੂੰ ਸਾਰਾ ਕੁਝ ਜਹਾਜ਼ ਤੋਂ ਦਿਸ ਹੀ ਪਿਆ ਹੋਣਾ ਏਂ।

ਮੰਤਰੀ : ਮੈਨੂੰ ਡਾਕਟਰਾਂ ਨੇ ਸਲਾਹ ਦਿੱਤੀ ਏ ਕਿ ਮੈਨੂੰ ਹਵਾਈ ਜਹਾਜ਼ ਦਾ ਸਫ਼ਰ ਨਹੀਂ ਕਰਨਾ ਚਾਹੀਦਾ...ਕਿਸੇ ਵੇਲੇ ਵੀ ਦਿਲ ਦਾ ਦੌਰਾ ਪੈ ਸਕਦਾ ਹੈ...ਪਰ ਮੈਂ ਆਖਿਆ ਜੇ ਲੋਕ ਤਕਲੀਫ਼ ਵਿਚ ਨੇ ਤਾਂ ਮੈਂ ਆਪਣੇ ਦਿਲ ਨੂੰ ਸੰਭਾਲ ਕੇ ਕੀ ਕਰਾਂ ?

ਬੀ. ਸਿੰਘ : ਹਾਂ ਜਨਾਬ, ਤੁਹਾਡਾ ਦਿਲ ਵੀ ਉਥੇ ਹੋਣਾ ਚਾਹੀਦਾ ਏ ਜਿਥੇ ਲੋਕਾਂ ਦਾ ਦਿਲ...ਉਂਜ ਲੋਕਾਂ ਦਾ ਦਿਲ ਕਹਿੰਦਾ ਏ ਕਿ ਇਹ ਹੜ੍ਹ ਬਾਰਸਾਂ ਕਰ ਕੇ ਨਹੀਂ ਆਏ ਸਗੋਂ ਸਰਕਾਰ ਦੀ ਬੇਪਰਵਾਹੀ ਕਰ ਕੇ ਆਏ ਹਨ।

ਮੰਤਰੀ : ਉਹ ਬਕਦੇ ਨੇ...ਅਸੀਂ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਇਹ ਹਵਾਈ ਸਰਵੇਖਣ ਕਰ ਰਹੇ ਹਾਂ ਤੇ ਹਾਲੇ ਵੀ ਉਹ ਕਹਿੰਦੇ

ਹਨ ਕਿ ਅਸੀਂ ਬੇਪ੍ਰਵਾਹ ਹਾਂ...ਜੇ ਉਹ ਕਹਿੰਦੇ ਵੀ ਹਨ ਤਾਂ ਸਾਨੂੰ ਇਸ ਦੀ ਪਰਵਾਹ ਨਹੀਂ।

ਬੀ. ਸਿੰਘ : ਹਾਂ ਜੀ...ਜੇ ਸਰਕਾਰ ਹਰ ਗੱਲ ਪਰਵਾਹ ਕਰਨ ਲੱਗ ਜਾਵੇ ਤਾਂ ਇਕ ਦਿਨ ਨਾ ਚੱਲੇ।

ਮੰਤਰੀ : ਹਾਂ, ਜੇ ਉਹ ਕਹਿੰਦੇ ਨੇ ਤਾਂ ਕਹਿੰਦੇ ਰਹਿਣ...ਜੇ ਉਹ ਮਰਦੇ ਨੇ ਤਾਂ ਮਰਦੇ ਰਹਿਣ, ਸਾਨੂੰ ਉਹਦੀ ਪਰਵਾਹ ਨਹੀਂ।

ਬੀ. ਸਿੰਘ : (ਸਵਾਲੀਆ ਲਿਕਰੇ ਵਾਲੀ) ਜੀ ?

ਮੰਤਰੀ : ਨਹੀਂ, ਜੇ ਉਹ ਮਰਦੇ ਨੇ ਤਾਂ ਸਾਨੂੰ ਪਰਵਾਹ ਕਰਨੀ ਪਵੇਗੀ, ਕਿਉਂਕਿ ਕੱਲ੍ਹ ਅਸੀਂ ਉਨ੍ਹਾਂ ਦੀ ਵੋਟ ਲੈਣੀ ਏ...ਤੁਸੀਂ ਇਹ ਬਾਂਹ ਕਿਉਂ ਬੰਨ੍ਹੀ ਹੋਈ ਏ ?

ਬੀ. ਸਿੰਘ : ਬਸ ਜੀ, ਮਾਮੂਲੀ ਜਹੀ ਸੱਟ ਏ...ਦੌੜੇ 'ਤੇ ਗਏ, ਚਿੱਕੜ ਕਰ ਕੇ ਪੈਰ ਤਿਲਕ ਗਿਆ...ਐਵੇਂ ਇਕ ਹੱਡੀ ਜਿਹੀ ਟੁੱਟ ਗਈ ਏ।

ਮੰਤਰੀ : ਹੱਡੀ ਟੁੱਟ ਗਈ ਨੂੰ ਤੁਸੀਂ ਮਾਮੂਲੀ ਜਿਹੀ ਸੱਟ ਕਹਿੰਦੇ ਹੋ...ਹੱਡੀ ਟੁੱਟਣੀ ਕਿੰਨੀ ਤਕਲੀਫ਼ ਵਾਲੀ ਹੁੰਦੀ ਏ, ਇਹ ਮੈਨੂੰ ਹੀ ਪਤਾ ਏ... ਪਿਛਲੇ ਸਾਲ ਬਾਥਰੂਮ ਵਿਚ ਤਿਲਕ ਕੇ ਆਪਣੀ ਹੱਡੀ ਤੁੜਵਾ ਬੈਠਾ...ਆਪਣਾ ਨਾਲਾ ਆਪ ਬੰਨ੍ਹਣ ਤੋਂ ਅਵਾਜ਼ਾਰ ਹੋ ਗਿਆ। ਬਹੁਤ ਵਾਰੀ ਆਪਣੀ ਸਟੈਨੋ ਕੋਲੋਂ ਬੰਨਵਾਉਣਾ ਪੈਂਦਾ...ਉਹ ਸ਼ਰਮ ਕਰੇ...ਪਰ ਕੋਈ ਕੀ ਕਰਦਾ, ਮਜਬੂਰੀ ਸੀ...ਹਾਂ, ਤੁਹਾਡੀ ਜਾਣਕਾਰੀ ਅਨੁਸਾਰ ਹੜ੍ਹਾਂ ਕਰਕੇ ਤੁਹਾਡੀ ਇਲਾਕੇ ਵਿਚ ਕਿੰਨਾ ਜਾਨੀ ਨੁਕਸਾਨ ਹੋਇਆ ਏ ?

ਬੀ. ਸਿੰਘ : (ਭ. ਰਾਮ) ਭਗਤ ਰਾਮ, ਕਿੰਨਾ ਨੁਕਸਾਨ ਹੋਇਆ ਏ ?

ਭ. ਰਾਮ : ਜਨਾਬ ਵੀਹ ਲਾਸ਼ਾਂ ਹੁਣ ਤਕ ਗਿਣੀਆਂ ਜਾ ਸਕਦੀਆਂ ਨੇ।

ਮੰਤਰੀ : ਉਨ੍ਹਾਂ ਦੇ ਵਾਰਸਾਂ ਵਾਸਤੇ ਵੀਹ-ਵੀਹ ਹਜ਼ਾਰ ਮੁਆਵਜ਼ੇ ਦਾ ਐਲਾਨ ਕਰ ਦੇਵੋ।

ਭ. ਰਾਮ : ਪਰ ਜਨਾਬ...ਉਹ ਸਾਰੀਆਂ ਲਾਸ਼ਾਂ ਲਾਵਾਰਸ ਹਨ।

ਮੰਤਰੀ : ਕੀ ਕਿਹਾ, ਲਾਵਾਰਸ ਹਨ...ਤੁਹਾਨੂੰ ਪੱਕਾ ਪਤਾ ਏ ?

ਭ. ਰਾਮ : ਹਾਂ ਜਨਾਬ, ਪੱਕਾ ਪਤਾ ਏ...ਮੈਂ ਆਪਣੀ ਨਿਗਰਾਨੀ ਵਿਚ ਉਨ੍ਹਾਂ ਦਾ ਲਵਾਰਸ ਲਾਸ਼ਾਂ ਕਰਕੇ ਸੰਸਕਾਰ ਕਰਵਾਇਆ ਹੈ।

ਮੰਤਰੀ : ਜੇ ਲਾਸ਼ਾਂ ਲਾਵਾਰਸ ਸਨ ਤਾਂ ਐਲਾਨ ਕਰ ਦੇਵੋ, ਉਨ੍ਹਾਂ ਦੇ ਵਾਰਸਾਂ ਨੂੰ ਇਕ-ਇਕ ਲੱਖ ਦਾ ਮੁਆਵਜ਼ਾ ਦਿੱਤਾ ਜਾਏਗਾ ਤਾਂ ਲੋਕਾਂ ਦੀ ਚੁਣੀ ਹੋਈ ਸਰਕਾਰ ਆਪਣੇ ਲੋਕਾਂ ਦਾ ਕਿਸ ਤਰ੍ਹਾਂ ਖ਼ਿਆਲ ਰੱਖਦੀ ਏ...ਮਾਲ ਡੰਗਰ ਦਾ ਕਿੰਨਾ ਨੁਕਸਾਨ ਹੋਇਆ ਏ ?

ਬੀ. ਸਿੰਘ : ਹਾਂ ਭਗਤ ਰਾਮ, ਕਿੰਨਾ ਨੁਕਸਾਨ ਹੋਇਆ ਏ ?

ਭ. ਰਾਮ : ਜੀ ਉਸ ਦਾ ਤਾਂ ਕੋਈ ਹਿਸਾਬ ਨਹੀਂ ਰੱਖਿਆ ਜਾ ਸਕਿਆ...ਸੈਂਕੜੇ ਡੰਗਰ ਹੜ੍ਹ ਵਿਚ ਰੁੜ ਗਏ ਨੇ।

ਮੰਤਰੀ : ਉਨ੍ਹਾਂ ਦੇ ਮਾਲਕਾਂ ਲਈ ਇਕ ਹਜ਼ਾਰ ਦੀ ਰਾਹਤ ਦਾ ਐਲਾਨ ਕਰ ਦੇਵੋ।

ਭ. ਰਾਮ : ਪਰ ਮਾਲਕ ਕਿਥੋਂ ਲੱਭਣਗੇ ਜਨਾਬ...ਪਸ਼ੂ ਤਾਂ ਦੂਰੋਂ-ਦੂਰੋਂ ਰੁੜ੍ਹਦੇ ਆਏ ਨੇ।

ਮੰਤਰੀ : ਫੇਰ ਕੀ ਹੋਇਆ...ਅਸੀਂ ਤਾਂ ਐਲਾਨ ਹੀ ਕਰਨਾ ਏਂ।

ਬੀ. ਸਿੰਘ : ਆਹੋ ਜੀ...ਅਸੀਂ ਤਾਂ ਐਲਾਨ ਹੀ ਕਰਨਾ ਏਂ।

ਭ. ਰਾਮ : ਜਨਾਬ, ਬਹੁਤ ਸਾਰੇ ਡੰਗਰ ਤਾਂ ਕਿੱਲਿਆਂ 'ਤੇ ਬੱਧੇ ਹੀ ਦਮ ਤੋੜ ਗਏ ਨੇ, ਉਨ੍ਹਾਂ ਦੇ ਮਾਲਕਾਂ ਨੂੰ ਵੀ ਕੋਈ ਰਾਹਤ ਦੇਣੀ ਏਂ ?

ਬੀ. ਸਿੰਘ : ਕਿਉਂ ਜਨਾਬ...ਉਨ੍ਹਾਂ ਨੂੰ ਕੋਈ ਰਾਹਤ ਦੇਣੀ ਏਂ ?

ਮੰਤਰੀ : ਉਨ੍ਹਾਂ ਨੂੰ ਰਾਹਤ ਇਹ ਦੇਵੋ ਕਿ ਭਰੀ ਸੱਥ ਵਿਚ ਬੁਲਾ ਕੇ ਜੁੱਤੀਆਂ ਮਾਰੋ...ਆਪ ਆਪਣੀ ਜਾਨ ਬਚਾਉਣ ਲਈ ਕੋਠਿਆਂ 'ਤੇ ਚੜ੍ਹ ਗਏ ਤੇ ਡੰਗਰ ਵਿਚਾਰੇ ਕਿੱਲਿਆਂ 'ਤੇ ਬੱਧੇ-ਬੱਧੇ ਤੜਫ਼ਦੇ ਹੋਏ ਮਰ ਗਏ...ਪਸ਼ੂਆਂ ਉੱਤੇ ਜ਼ੁਲਮ ਕਰਨ ਵਾਲਿਆਂ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ।

ਬੀ. ਸਿੰਘ : ਨਹੀਂ ਕੀਤਾ ਜਾ ਸਕਦਾ...ਕਿਉਂ ਭਗਤ ਰਾਮ, ਮੁਆਫ਼ ਕੀਤਾ ਜਾ ਸਕਦੈ ?

ਭ. ਰਾਮ : ਨਹੀਂ ਜਨਾਬ..ਮੁਆਫ਼ ਨਹੀਂ ਕੀਤਾ ਜਾ ਸਕਦਾ।

(ਇਕ ਮਾਈ ਬਾਹਰੋਂ ਰੌਲਾ ਪਾਉਂਦੀ ਆਉਂਦੀ ਹੈ।)

ਮੰਤਰੀ : ਕੀ ਗੱਲ ਏ ਮਾਈ ?

ਮਾਈ : ਹੜ੍ਹ ਨੇ ਮੇਰਾ ਸਭ ਕੁਝ ਤਬਾਹ ਕਰ ਦਿੱਤਾ ਏ।

ਮੰਤਰੀ : ਕੀ ਤੇਰੀ ਫ਼ਸਲ ਰੁੜ੍ਹ ਗਈ ਏ ?

ਮਾਈ : ਜੀ ਨਹੀਂ।

ਮੰਤਰੀ : ਕੀ ਤੇਰਾ ਮਾਲ ਡੰਗਰ ਦਾ ਨੁਕਸਾਨ ਹੋ ਗਿਆ ਏ ?

ਮਾਈ : ਨਹੀਂ ਜੀ, ਮੇਰੀ ਇਕੋ ਬੱਕਰੀ ਸੀ, ਉਹਨੂੰ ਮੈਂ ਆਪਣੇ ਨਾਲ ਹੀ ਕੋਠੇ 'ਤੇ ਲੈ ਗਈ ਸੀ।

ਮੰਤਰੀ : ਦੇਖਿਆ, ਜਿਨ੍ਹਾਂ ਨੂੰ ਬੇਜ਼ਬਾਨਾਂ ਨਾਲ ਪਿਆਰ ਹੋਵੇ, ਉਹ ਇਸ ਤਰ੍ਹਾਂ ਹੀ ਕਰਦੇ ਨੇ।

ਬੀ. ਸਿੰਘ : ਹਾਂ ਜਨਾਬ, ਇਸ ਤਰ੍ਹਾਂ ਹੀ ਕਰਦੇ ਨੇ...ਕਿਉਂ ਭਗਤ ਰਾਮ, ਇਸ ਤਰ੍ਹਾਂ ਹੀ ਕਰਦੇ ਨੇ ?

ਭ. ਰਾਮ : ਜੀ ਕਰਦੇ ਨੇ, ਪਰ ਜਨਾਬ ਬੱਕਰੀ ਤਾਂ ਕੋਠੇ 'ਤੇ ਚੜ੍ਹਾਈ ਜਾ ਸਕਦੀ ਏ, ਮੱਝ ਨਹੀਂ।

ਮੰਤਰੀ : ਜੇ ਮਨੁੱਖ ਚੰਨ 'ਤੇ ਜਾ ਸਕਦੈ ਤਾਂ ਮੱਝ ਕੋਠੇ 'ਤੇ ਕਿਉਂ ਨਹੀਂ ਜਾ ਸਕਦੀ...ਕਿਉਂ ਡੀ.ਸੀ. ਸਾਹਿਬ ਜਾ ਸਕਦੀ ਏ ?

ਬੀ. ਸਿੰਘ : ਕਿਉਂ ਭਗਤ ਰਾਮ, ਜਾ ਸਕਦੀ ਏ ?

ਭ. ਰਾਮ : ਜੇ ਜਨਾਬ ਕਹਿੰਦੇ ਹੋ ਤਾਂ ਜਾ ਸਕਦੀ ਏ ?

ਮੰਤਰੀ : ਹਾਂ ਮਾਈ...ਫੇਰ ਤੇਰਾ ਨੁਕਸਾਨ ਕੀ ਹੋਇਆ ਏ ?

ਮਾਈ : ਮੇਰੀਆਂ ਚਾਰ ਦਰੀਆਂ, ਅੱਠ ਖੇਸੀਆਂ, ਦੋ ਦੋਹਤਰੀਆਂ, ਦੋ ਰਜਾਈਆਂ ਬੁਰੀ ਤਰ੍ਹਾਂ ਭਿੱਜ ਗਈਆਂ ਨੇ...ਮੇਰੇ ਲਈ ਤਾਂ ਉਹੋ ਸਭ ਕੁਝ ਸੀ।

ਮੰਤਰੀ : ਕੋਈ ਗੱਲ ਨਹੀਂ...ਅਸੀਂ ਤੇਰੀ ਮਦਦ ਕਰਾਂਗੇ...ਕਿਉਂ ਡੀ.ਸੀ. ਸਾਹਿਬ, ਕੱਲ੍ਹ ਧੁੱਪ ਚੜ੍ਹੀ ਸੀ ?

ਬੀ. ਸਿੰਘ : ਕਿਉਂ ਭਗਤ ਰਾਮ ਕੱਲ੍ਹ ਧੁੱਪ ਚੜ੍ਹੀ ਸੀ ?

ਭ. ਰਾਮ : ਚੜ੍ਹੀ ਸੀ।

ਮੰਤਰੀ : ਡੀ. ਸੀ. ਸਾਹਿਬ ਧੁੱਪ ਅੱਜ ਵੀ ਚੜ੍ਹੀ ਹੈ, ਕੀ ਕੱਲ੍ਹ ਚੜ੍ਹੇਗੀ ?

ਬੀ. ਸਿੰਘ : ਕਿਉਂ ਭਗਤ ਰਾਮ, ਕੱਲ੍ਹ ਧੁੱਪ ਚੜ੍ਹੇਗੀ ?

ਭ. ਰਾਮ : ਉਮੀਦ ਤਾਂ ਹੈ ਚੜ੍ਹੇਗੀ।

ਮੰਤਰੀ : ਫੇਰ ਕੱਲ੍ਹ ਮਾਈ ਦੀਆਂ ਦਰੀਆਂ, ਦੋਹਤੀਆਂ, ਚੌਹਤੀਆਂ ਸਰਕਾਰੀ ਖਰਚ 'ਤੇ ਧੁੱਪੇ ਸੁਕਾ ਦੇਵੋ...ਲੋਕਾਂ ਨੂੰ ਰਾਹਤ ਦੇਣੀ ਸਰਕਾਰ ਦਾ ਫ਼ਰਜ਼ ਏ।

(ਮਾਈ ਸਮੇਤ ਸਾਰੇ ਲੰਮੀ ਆਵਾਜ਼ ਵਿਚ—ਜੀ...! ਸਾਰੇ ਫ਼ਰੀਜ਼ ਹੋ ਜਾਂਦੇ ਹਨ।)

ਸਮਾਪਤ

- -